**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ ), ਪੰਜਾਬ, ਸ.ਅ.ਸ ਨਗਰ**
**(ਸੈਕੰਡਰੀ ਸਿੱਖਿਆ ਸ਼ਾਖਾ)**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ ਐ.ਸਿ)
ਪੰਜਾਬ।

ਮੀਮੋ ਨੰ. ਈ-511317 / ਸੈ.ਸਿ (1)/ 2023239165
ਮਿਤੀ ਸ.ਅ.ਸ ਨਗਰ 25-08-2023

**ਵਿਸ਼ਾ:** **ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਟ੍ਰਾਂਸਪੋਰਟ ਸੁਵਿਧਾ ਮੁਹੱਈਆ ਕਰਵਾਉਣ ਲਈ ਦਿਸ਼ਾ-ਨਿਰਦੇਸ਼ (Detailed Guidelines) ਜਾਰੀ ਕਰਨ ਸਬੰਧੀ।**

ਪੰਜਾਬ ਸਰਕਾਰ, ਰਾਜ ਵਿੱਚ ਪੜ੍ਹਦੇ ਹਰੇਕ ਵਿਦਿਆਰਥੀ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਪੰਜਾਬ ਸਰਕਾਰ ਵੱਲੋਂ ਸੈਸ਼ਨ 2023-24 ਤੋਂ ਸੂਬੇ ਵਿੱਚ 117 ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਕੀਤੀ ਗਈ ਹੈ ਜਿੰਨ੍ਹਾਂ ਵਿੱਚ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਜਿਵੇਂ ਕਿ ਸੁੰਦਰ ਕੈਂਪਸ, ਖੇਡ ਸਹੂਲਤਾਂ, ਸਮਾਰਟ ਕਲਾਸਾਂ ਅਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਹਨਾਂ ਸਕੂਲਾਂ ਵਿੱਚ ਦੂਰ ਅਤੇ ਨੇੜੇ ਦੇ ਵਿਦਿਆਰਥੀਆਂ ਨੇ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਦਾਖਲਾ ਲਿਆ ਹੈ। ਪ੍ਰੰਤੂ ਟ੍ਰਾਂਸਪੋਰਟ ਦੀ ਸਹੂਲਤ ਨਾ ਹੋਣ ਕਾਰਨ ਕੁਝ ਵਿਦਿਆਰਥੀ ਦਾਖਲਾ ਲੈਣ ਤੋਂ ਵਾਂਝੇ ਰਹਿ ਗਏ। ਜੇਕਰ ਇਹਨਾਂ ਸਕੂਲਾਂ ਨੂੰ ਟ੍ਰਾਂਸਪੋਰਟ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਵਿਦਿਆਰਥੀ **ਇਹਨਾਂ** ਸਕੂਲਾਂ ਵਿੱਚ ਦਾਖਲਾ ਲੈਣ ਲਈ ਹੋਰ ਵੀ ਉਤਸੁਕ ਹੋਣਗੇ ।

ਸਾਰੇ ਵਿਦਿਆਰਥੀ ਆਪਣੇ ਸਾਧਨਾਂ ਰਾਹੀਂ ਸਕੂਲ ਨਹੀਂ ਜਾ ਸਕਦੇ। ਪਬਲਿਕ ਟ੍ਰਾਂਸਪੋਰਟ ਜਿਵੇਂ ਕਿ ਸਰਕਾਰੀ ਬੱਸਾਂ ਕੇਵਲ ਮੁੱਖ ਸੜਕੀ ਮਾਰਗਾਂ ਤੇ ਚੱਲਦੀਆਂ ਹਨ। ਪੰਜਾਬ ਦੇ ਬਹੁਤ ਸਾਰੇ ਅੰਦਰੂਨੀ ਪਿੰਡਾਂ ਵਿੱਚ ਸਰਕਾਰੀ ਟ੍ਰਾਂਸਪੋਰਟ ਦੀ ਸੁਵਿਧਾ ਉਪਲਬਧ ਨਹੀਂ ਹੈ। ਕੁਝ ਪਿੰਡਾਂ ਵਿੱਚ ਜਿੱਥੇ ਇਹ ਸੁਵਿਧਾ ਮੌਜੂਦ ਹੈ, ਉਥੇ ਇਨ੍ਹਾਂ ਦਾ ਸਮਾਂ ਸਕੂਲ ਦੀ ਸਮਾਂ-ਸਾਰਣੀ ਨਾਲ ਮੇਲ ਨਹੀਂ ਖਾਂਦਾ। ਉਕਤ ਪਰਿਸਥਿਤੀਆਂ ਨੂੰ ਦੇਖਦੇ ਹੋਏ ਮਾਪੇ ਆਪਣੇ ਬੱਚਿਆਂ ਨੂੰ **ਖਾਸ ਤੌਰ ਤੇ ਲੜਕੀਆਂ ਨੂੰ ਦੂਰ ਦੇ ਸਕੂਲਾਂ ਵਿੱਚ ਭੇਜਣ ਤੋਂ ਗੁਰੇਜ਼ ਕਰਦੇ ਹਨ ਜਿਸ ਕਰਕੇ ਲੜਕੀਆਂ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।** ਲੜਕੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਵਿੱਚ ਟ੍ਰਾਂਸਪੋਰਟ ਸੁਵਿਧਾ ਦੇਣਾ ਅਜੋਕੇ ਸਮੇਂ ਦੀ ਜ਼ਰੂਰਤ ਬਣ ਗਈ ਹੈ।

ਪਿਛਲੇ ਸਾਲਾਂ ਵਿੱਚ ਵਿਦਿਆਰਥੀਆਂ ਨੂੰ ਟ੍ਰਾਂਸਪੋਰਟ ਸੁਵਿਧਾ ਮੁਹੱਈਆ ਕਰਵਾਉਣ ਲਈ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ, ਜਿਸ ਵਿੱਚ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ, ਚਾਨਣ

ਵਾਲਾ, ਫਾਜ਼ਿਲਕਾ ਅਤੇ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ, ਮਨੈਲਾ, ਫਤਹਿਗੜ੍ਹ ਸਾਹਿਬ ਨੇ ਵਿਦਿਆਰਥੀਆਂ ਨੂੰ ਟਰਾਂਸਪੋਰਟ ਸੇਵਾ ਪ੍ਰਦਾਨ ਕਰਨ ਦੀ ਸ਼ੁਰੂਆਤ ਕੀਤੀ। ਪੰਜਾਬ ਸਰਕਾਰ ਵੱਲੋਂ ਇਹਨਾਂ ਸਕੂਲਾਂ ਵਿੱਚ ਟ੍ਰਾਂਸਪੋਰਟ ਸੁਵਿਧਾ ਲੈਣ ਵਾਲੇ ਵਿਦਿਆਰਥੀਆਂ ਲਈ ਪ੍ਰਤੀ ਵਿਦਿਆਰਥੀ 1000 ਰੁਪਏ ਪ੍ਰਤੀ ਮਹੀਨਾ ਦੀ ਗ੍ਰਾਂਟ ਜਾਰੀ ਕੀਤੀ ਗਈ ਜਿਸ ਨਾਲ ਵਿਦਿਆਰਥੀਆਂ ਦੇ ਦਾਖਲੇ ਵਿੱਚ ਬਹੁਤ ਵਾਧਾ ਹੋਇਆ ਹੈ।

2.0 ਵਿਦਿਆਰਥੀਆਂ ਨੂੰ ਤਕਨੀਕੀ ਯੁੱਗ ਵਿੱਚ ਸਮੇਂ ਦੇ ਹਾਣੀ ਬਣਾਉਣ ਲਈ ਸਰਕਾਰ ਵੱਲੋਂ "EDS-55-ਵਿਦਿਆਰਥੀਆਂ ਨੂੰ ਮੁਫਤ ਟ੍ਰਾਂਸਪੋਰਟ ਸੁਵਿਧਾਵਾਂ" ਸਕੀਮ ਅਧੀਨ ਮਾਸਿਕ 1200/- ਪ੍ਰਤੀ ਵਿਦਿਆਰਥੀ ਦੇ ਦਰ ਨਾਲ ਪ੍ਰਦਾਨ ਕੀਤੀ ਜਾਵੇਗੀ ਜਿਸ ਵਿੱਚ 80% ਸਰਕਾਰ ਵੱਲੋਂ ਅਤੇ 20% ਵਿਦਿਆਰਥੀਆਂ ਤੋਂ ਲਿਆ ਜਾਣਾ ਹੈ। ਇਹ ਸੁਵਿਧਾ ਉਹਨਾਂ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ ਜਾਵੇਗੀ ਜੋ ਵਿਦਿਆਰਥੀ ਟ੍ਰਾਂਸਪੋਰਟ ਲੈਣ ਲਈ ਇਛੁੱਕ ਹਨ ਅਤੇ ਆਪਣੀ ਰਿਹਾਇਸ਼ ਤੋਂ ਸਕੂਲ ਆਉਣ ਲਈ 3 ਕਿ.ਮੀ ਦੇ ਘੇਰੇ ਤੋਂ ਵੱਧ ਦਾ ਸਫਰ ਤੈਅ ਕਰਦੇ ਹਨ। ਉਕਤ ਸਕੀਮ ਪਾਇਲੈਟ ਪ੍ਰਾਜੈਕਟ ਦੇ ਤੌਰ ਤੇ ਹੇਠ ਲਿਖੇ ਸਕੂਲਾਂ ਵਿੱਚ ਚਲਾਈ ਜਾਵੇਗੀ:–

1. 117 ਸਕੂਲ ਆਫ ਐਮੀਨੈਂਸ ਵਿੱਚ ਪੜ੍ਹਨ ਲਈ ਚੁਣੇ ਗਏ ਵਿਦਿਆਰਥੀ ਜੋ ਟ੍ਰਾਂਸਪੋਰਟ ਸੁਵਿਧਾ ਲੈਣ ਲਈ ਚਾਹਵਾਨ ਹਨ।
2. 15-20 ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਜੋ ਟ੍ਰਾਂਸਪੋਰਟ ਸੁਵਿਧਾ ਲੈਣ ਲਈ ਚਾਹਵਾਨ ਹਨ।
3. 2 ਪ੍ਰਾਇਮਰੀ ਸਕੂਲ ਜਿੰਨਾਂ ਵਿੱਚ ਪਹਿਲਾਂ ਹੀ ਵਿਦਿਆਰਥੀਆਂ ਨੂੰ ਟ੍ਰਾਂਸਪੋਰਟ ਸੁਵਿਧਾ ਦੇਣ ਸਬੰਧੀ ਪਾਇਲਟ ਪ੍ਰਾਜੈਕਟ ਚੱਲ ਰਿਹਾ ਹੈ।

## 3.0 ਸੰਚਾਲਨ (Operation of Transportation)

ਵਿਦਿਆਰਥੀਆਂ ਨੂੰ ਸੁਰੱਖਿਅਤ ਆਵਾਜਾਈ ਦੀ ਸਹੂਲਤ ਪ੍ਰਦਾਨ ਕਰਨ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜਿੰਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

**ਰਾਜ ਪੱਧਰੀ ਕਮੇਟੀ**

| | |
|---|---|
| 1. ਡਾਇਰੈਕਟਰ ਜਨਰਲ ਸਕੂਲ ਸਿੱਖਿਆ | ਚੇਅਰਪਰਸਨ |
| 2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) | ਵਾਈਸ ਚੇਅਰਪਰਸਨ |
| 3. ਵਧੀਕ ਸਟੇਟ ਟ੍ਰਾਂਸਪੋਰਟ ਕਮਿਸ਼ਨਰ ਪੰਜਾਬ | ਮੈਂਬਰ ਸਕੱਤਰ |
| 4. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) | ਮੈਂਬਰ |
| 5. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) | ਮੈਂਬਰ |
| 6. ਸਹਾਇਕ ਡਾਇਰੈਕਟਰ (ਸੈ.ਸਿ) | ਮੈਂਬਰ |
| 7. ਸਹਾਇਕ ਡਾਇਰੈਕਟਰ (ਐ.ਸਿ) | ਮੈਂਬਰ |

**ਜ਼ਿਲ੍ਹਾ ਪੱਧਰੀ ਕਮੇਟੀ**

| | | |
|---|---|---|
| 1. | ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) | ਚੇਅਰਪਰਸਨ |
| 2. | ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) | ਮੈਂਬਰ ਸਕੱਤਰ |
| 3. | ਜ਼ਿਲ੍ਹਾ ਟਰਾਂਸਪੋਰਟ ਅਫਸਰ | ਮੈਂਬਰ |
| 4. | ਟ੍ਰੈਫਿਕ ਪੁਲਿਸ ਦਾ ਅਧਿਕਾਰੀ | ਮੈਂਬਰ |
| 5. | ਬਾਲ ਸੁਰੱਖਿਆ ਵਿਭਾਗ ਦਾ ਅਧਿਕਾਰੀ | ਮੈਂਬਰ |
| 6. | ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ): | ਮੈਂਬਰ |
| 7. | ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ): | ਮੈਂਬਰ |
| 8. | ਏ.ਪੀ.ਸੀ (ਜਨਰਲ/ ਵਿੱਤ)/ ਭਾਗ ਅਫਸਰ: | ਮੈਂਬਰ |

**ਬਲਾਕ ਪੱਧਰੀ ਕਮੇਟੀ**

| | | |
|---|---|---|
| 1. | ਬਲਾਕ ਦਾ ਸੀਨੀਅਰ ਪ੍ਰਿੰਸੀਪਲ | ਚੇਅਰਪਰਸਨ |
| 2. | ਬਲਾਕ ਪ੍ਰਾਇਮਰੀ ਸਿੱਖਿਆ ਅਫਸਰ | ਮੈਂਬਰ ਸਕੱਤਰ |
| 3. | ਸਬੰਧਤ ਸਕੂਲ ਮੁਖੀ | ਮੈਂਬਰ |
| 4. | ਚੇਅਰਪਰਸਨ, ਸਬੰਧਤ ਐਸ.ਐਮ.ਸੀ | ਮੈਂਬਰ |
| 5. | ਅਕਾਊਂਟੈਂਟ | ਮੈਂਬਰ |

3.2. ਜਿਸ ਸਕੂਲ ਵਿੱਚ ਟਰਾਂਸਪੋਰਟ ਸਹੂਲਤ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾਖਲ ਹੋਣਗੇ ਉਸ ਸਕੂਲ ਦੀ ਸਬੰਧਤ ਸਕੂਲ ਮੈਨੇਜਮੈਂਟ ਕਮੇਟੀ ਟ੍ਰਾਂਸਪੋਰਟ ਸਹੂਲਤ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹੋਵੇਗੀ।

3.3. ਬੱਸ/ਵੈਨ ਦੀ ਸਹੂਲਤ ਆਊਟਸੋਰਸ ਆਧਾਰ / ਕਿਰਾਏ ਤੇ SMC ਦੁਆਰਾ ਲਈ ਜਾਵੇਗੀ।

3.4 ਵਿਦਿਆਰਥੀਆਂ ਨੂੰ ਬੱਸ/ਵੈਨ ਦੀ ਸਹੂਲਤ 1200/- ਰੁਪਏ ਪ੍ਰਤੀ ਵਿਦਿਆਰਥੀ ਮਾਸਿਕ ਦੇ ਦਰ ਨਾਲ ਮੁਹੱਈਆ ਕਰਵਾਈ ਜਾਵੇਗੀ ਜਿਸ ਵਿੱਚ 80% ਸਰਕਾਰ ਵੱਲੋਂ ਅਤੇ 20 % ਵਿਦਿਆਰਥੀਆਂ ਤੋਂ ਲਿਆ ਜਾਣਾ ਹੈ।

3.5. ਵਿਦਿਆਰਥੀਆਂ ਦੀ ਸੁਰੱਖਿਅਤ ਆਵਾਜਾਈ ਦੇ ਪ੍ਰਬੰਧ ਲਈ ਟ੍ਰਾਂਸਪੋਰਟ ਵਿਭਾਗ ਦੁਆਰਾ ਮਿਤੀ ਮਿਤੀ 07-11-2013 ਦੀ ਨੋਟੀਫਿਕੇਸ਼ਨ ਨੰਬਰ 4/39/2011-2ਟ2/120628 ਰਾਹੀਂ ਜਾਰੀ ਕੀਤੀ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਅਤੇ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਹੋਵੇਗੀ।

## 4.0 ਪ੍ਰਕਿਰਿਆ (Process)

1. ਜਿਸ ਸਕੂਲ ਨੂੰ ਟ੍ਰਾਂਸਪੋਰਟ ਦੀ ਜ਼ਰੂਰਤ ਹੋਵੇਗੀ, ਉਸ ਦੀ ਸਬੰਧਤ ਸਕੂਲ ਮੈਨੇਜਮੈਂਟ ਕਮੇਟੀ ਅਤੇ ਸਕੂਲ ਮੁਖੀ ਵੱਲੋਂ ਚਾਹਵਾਨ ਵਿਦਿਆਰਥੀਆਂ ਦੀ ਸੂਚੀ ਤਿਆਰ ਕਰਨ ਉਪਰੰਤ ਰੂਟ ਨਿਰਧਾਰਤ ਕਰਕੇ ਮੁਕੰਮਲ ਤਜਵੀਜ਼ ਬਲਾਕ ਪੱਧਰ ਕਮੇਟੀ ਨੂੰ ਭੇਜੀ ਜਾਵੇਗੀ।

2. SMC ਵੱਲੋਂ ਬਲਾਕ ਪੱਧਰ ਕਮੇਟੀ ਦੀ ਸਹਾਇਤਾ ਨਾਲ ਲੋਕਲ ਅਖਬਾਰਾਂ ਜਾਂ ਹੋਰ ਸਾਧਨਾਂ ਰਾਹੀਂ ਵੱਖ-ਵੱਖ ਟ੍ਰਾਂਸਪੋਰਟਰਾਂ ਨੂੰ ਨਿਰਧਾਰਤ ਰੇਟਾਂ ਤੇ ਰੂਟ ਦੱਸ ਕੇ ਚਾਹਵਾਨ ਟ੍ਰਾਂਸਪੋਰਟਰਾਂ ਤੋਂ ਪ੍ਰਤੀਬੇਨਤੀਆਂ ਦੀ ਮੰਗ ਕੀਤੀ ਜਾਵੇਗੀ।
3. ਬਲਾਕ ਪੱਧਰ ਕਮੇਟੀ ਵੱਲੋਂ ਟ੍ਰਾਂਸਪੋਰਟਰ ਦੀ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਚੋਣ ਕੀਤੀ ਜਾਵੇਗੀ। ਚੁਣੇ ਗਏ ਟ੍ਰਾਂਸਪੋਰਟਰਾਂ ਦੇ ਵਾਹਨਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਉਪਰੰਤ ਉਹਨਾਂ ਵੱਲੋਂ ਮਨਜ਼ੂਰੀ ਲੈਣ ਲਈ ਕੇਸ ਜ਼ਿਲ੍ਹਾ ਪੱਧਰ ਕਮੇਟੀ ਨੂੰ ਭੇਜਿਆ ਜਾਵੇਗਾ।
4. ਜ਼ਿਲ੍ਹਾ ਪੱਧਰ ਕਮੇਟੀ ਵੱਲੋਂ ਪ੍ਰਾਪਤ ਤਜਵੀਜ ਨੂੰ ਵਾਚਨ ਉਪਰੰਤ, ਰਾਜ ਵੱਲੋਂ ਜਾਰੀ ਹਦਾਇਤਾਂ ਦੇ ਅਧਾਰ ਤੇ ਸਕੂਲਾਂ ਦੀ ਚੋਣ ਕੀਤੀ ਜਾਵੇਗੀ। ਚੁਣੇ ਗਏ ਸਕੂਲਾਂ ਦੇ SMC ਅਤੇ ਸਕੂਲ ਟੀਮ ਨੂੰ ਟ੍ਰਾਂਸਪੋਰਟ ਦੇ ਨਿਯਮਾਂ ਤੋਂ ਜਾਣੂ ਕਰਵਾਇਆ ਜਾਵੇਗਾ।
5. ਜ਼ਿਲ੍ਹਾ ਪੱਧਰ ਕਮੇਟੀ ਵੱਲੋਂ ਟ੍ਰਾਂਸਪੋਰਟਰਾਂ ਦੇ ਵਾਹਨਾਂ ਦੀ ਸਬੰਧਤ ਮਹਿਕਮਿਆਂ (ਟ੍ਰੈਫਿਕ ਪੁਲਿਸ, ਬਾਲ ਸੁਰੱਖਿਆ ਵਿਭਾਗ) ਤੋਂ ਫਿਜ਼ੀਕਲ ਵੈਰੀਫਿਕੇਸ਼ਨ ਕਰਵਾ ਕੇ ਯੋਗ ਪਾਏ ਗਏ ਟ੍ਰਾਂਸਪੋਰਟਰ ਨਾਲ ਜ਼ਿਲ੍ਹਾ ਪੱਧਰ ਤੇ ਇਕਰਾਰਨਾਮਾ ਕੀਤਾ ਜਾਵੇਗਾ।
6. ਉਪਰੋਕਤ ਸਾਰੀ ਪ੍ਰਕਿਰਿਆ ਅਮਲ ਕਰਨ ਉਪਰੰਤ ਵੈਨਾਂ/ਬੱਸਾਂ ਸ਼ੁਰੂ ਕਰਨ ਦੀ ਜ਼ਿਲ੍ਹਾ ਪੱਧਰ ਕਮੇਟੀ ਵੱਲੋਂ ਮਨਜ਼ੂਰੀ ਜਾਰੀ ਕੀਤੀ ਜਾਵੇਗੀ।
7. ਟ੍ਰਾਂਸੋਪਰਟ ਸੁਵਿਧਾ ਦਾ ਭੁਗਤਾਨ ਕਰਨ ਸਬੰਧੀ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਸਕੂਲ-ਵਾਰ ਵਿਦਿਆਰਥੀਆਂ ਦੀ ਗਿਣਤੀ ਮੁਖ ਦਫਤਰ ਨੂੰ ਭੇਜੀ ਜਾਵੇਗੀ। ਇਸ ਅਨੁਸਾਰ ਵਿਭਾਗ ਵੱਲੋਂ ਉਹਨਾਂ ਨੂੰ 80% ਦੇ ਹਿਸਾਬ ਨਾਲ ਸਰਕਾਰ ਦੇ ਬਣਦੇ ਹਿਸੇ ਦੀ ਰਾਸ਼ੀ ਜਾਰੀ ਕੀਤੀ ਜਾਵੇਗੀ ਜੋ ਕਿ ਬਲਾਕ ਰਾਹੀਂ ਸਬੰਧਤ ਸਕੂਲਾਂ ਦੀ SMC ਨੂੰ ਭੇਜੀ ਜਾਵੇਗੀ।
8. SMC ਵੱਲੋਂ ਸਕੂਲ ਵਿਦਿਆਰਥੀਆਂ ਤੋਂ 20% ਦੇ ਹਿਸਾਬ ਨਾਲ ਵਿਦਿਆਰਥੀਆਂ ਤੋਂ ਇਕੱਠੀ ਕੀਤੀ ਰਾਸ਼ੀ ਅਤੇ ਸਰਕਾਰ ਵੱਲੋਂ ਪ੍ਰਾਪਤ 80% ਦੇ ਹਿਸਾਬ ਨਾਲ ਰਾਸ਼ੀ ਦੀ ਅਦਾਇਗੀ ਸਬੰਧਤ ਟ੍ਰਾਂਸੋਪਰਟਰਾਂ ਨੂੰ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਬਲਾਕ ਰਾਹੀਂ ਜ਼ਿਲ੍ਹਾ ਪੱਧਰ ਕਮੇਟੀ ਨੂੰ ਭੇਜੇ ਜਾਣਗੇ।
9. ਸਾਰੇ ਸਕੂਲਾਂ ਤੋਂ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਜ਼ਿਲ੍ਹਾ ਪੱਧਰੀ ਕਮੇਟੀ ਮੁੱਖ ਦਫਤਰ ਵਿਖੇ ਭੇਜੇਗੀ।

10. ਉਪਰੋਕਤ ਸਾਰੀ ਪ੍ਰਕਿਰਿਆ ਨੂੰ ਲਾਗੂ ਕਰਨ ਵਿੱਚ ਜੇਕਰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਮੁਕੰਮਲ ਕੇਸ ਤਿਆਰ ਕਰਕੇ ਰਾਜ ਪੱਧਰੀ ਕਮੇਟੀ ਨੂੰ ਭੇਜਿਆ ਜਾਵੇਗਾ।

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.)**
**ਪੰਜਾਬ**

**ਪਿੱਠ ਅੰਕਣ ਨੰ. ਉਕਤ/** **ਮਿਤੀ ਸ.ਅ.ਸ ਨਗਰ**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ/ ਸਕੂਲ ਸਿੱਖਿਆ ਮੰਤਰੀ ਪੰਜਾਬ।
2. ਨਿੱਜੀ ਸਕੱਤਰ/ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਨਿੱਜੀ ਸਕੱਤਰ/ ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ (ਚ), ਪੰਜਾਬ।
4. ਪੀ.ਏ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
5. ਪੀ.ਏ/ ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿ), ਪੰਜਾਬ।
6. ਸਬੰਧਤ ਕਮੇਟੀ ਮੈਂਬਰ।

**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.)**
**ਪੰਜਾਬ**

<u>ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਜਲੰਧਰ।</u>

<u>ਈ-ਮੇਲ ਆਈ.ਡੀ. deose.jalandhar@punjabeducation.gov.in</u>

ਪਿੱਠ ਅੰਕਣ ਨੰ.ਜੀ-2/2023/ 24096 ਮਿਤੀ ਜਲੰਧਰ:-28.8.2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਦਾ ਹੈ:-

1. ਜਿਲਾ ਟਰਾਂਸਪੋਰਟ ਅਫਸਰ ਜਲੰਧਰ।
2. ਪੁਲਿਸ ਕਮਿਸ਼ਨਰ ਜਲੰਧਰ (ਟ੍ਰੈਫਿਕ)
3. ਜਿਲਾ ਸਿੱਖਿਆ ਅਫਸਰ(ਐਸਿ) ਜਲੰਧਰ
4. ਉਪ ਜਿਲਾ ਸਿੱਖਿਆ ਅਫਸਰ(ਸੈਸਿ)/(ਐਸਿ) ਜਲੰਧਰ।
5. ਬਾਲ ਸੁੱਰਖਿਆ ਅਫਸਰ ਜਲੰਧਰ।
6. ਏ.ਪੀ.ਸੀ ਫਾਈਨੈਂਸ ਦਫਤਰ ਜਿਲਾ ਸਿੱਖਿਆ ਅਫਸਰ(ਐਸਿ) ਜਲੰਧਰ
7. ਸਮੂਹ ਸਰਕਾਰੀ ਸਕੂਲ ਜਲੰਧਰ।

28/8/2023

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਜਲੰਧਰ